بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.07.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵੱਲੋਂ ਸਨਮਾਨਤ ਮਹਾਨ ਮਰਤਬੇ ਵਾਲੇ ਬਦਰ ਦੀ ਜੰਗ ਦੇ ਸਹਾਬੀ ਅਬੂ ਉਸੈਦ ਮਾਲਕ ਬਿਨ ਰਬੀਆ ਸਾਅਦੀ ਅਤੇ ਅਬਦੁਲੱਾਹ ਬਿਨ ਅਬਦੁਲ ਅਸਦ ਅਬੂ ਸਲਮਾ ਦੇ ਹਾਲਾਤਾਂ ਦਾ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਵਰਨਣ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਜੁਲਾਈ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਸਹਾਬਾ ਦੇ ਵਰਨਣ ਵਿੱਚ ਅੱਜ ਮੈਂ ਦੋ ਸਹਾਬਾ ਦਾ ਵਰਨਣ ਕਰਾਂਗਾ ਇਕ ਹਨ ਹਜ਼ਰਤ ਅਬੂ ਉਸੈਦ ਮਾਲਕ ਬਿਨ ਰਬੀਆ ਸਾਅਦੀ । ਹਜ਼ਰਤ ਮਾਲਕ ਬਿਨ ਰਬੀਆ ਆਪਣੀ ਗੌਤ ਅਬੂ ਉਸੈਦ ਨਾਲ ਪ੍ਰਸਿਧ ਹਨ । ਆਪ ਦਾ ਸੰਬੰਧ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਾਅਦਾ ਨਾਲ ਸੀ । ਹਜ਼ਰਤ ਅਬੂ ਉਸੈਦ ਮਾਲਕ ਬਿਨ ਰਬੀਆ ਛੋਟੇ ਕੱਦ ਦੇ ਸਨ । ਸਿਰ ਅਤੇ ਦਾੜ੍ਹੀ ਦੇ ਵਾਲ ਸੁਫ਼ੈਦ ਹੋ ਗਏ ਸਨ । ਬੁਢਾਪੇ ਵਿੱਚ ਆਪ ਦਿਖਾਈ ਦੇਣ ਤੋਂ ਮਹਿਰੂਮ ਹੋ ਗਏ ਸਨ । 60 ਹਿਜਰੀ ਵਿੱਚ ਹਜ਼ਰਤ ਮੁਆਵੀਅਹ ਦੇ ਦੌਰ ਵਿੱਚ 75 ਸਾਲ ਦੀ ਉਮਰ ਵਿੱਚ ਆਪ ਦੀ ਵਫ਼ਾਤ ਹੋਈ । ਬਦਰ ਦੀ ਜੰਗ ਵਿੱਚ ਸ਼ਾਮਲ ਹੋਣ ਵਾਲੇ ਅੰਸਾਰ ਸਹਾਬਾ ਵਿੱਚੋਂ ਸਭ ਤੋਂ ਅਖੀਰ ਵਿੱਚ ਇਹ ਫ਼ੌਤ ਹੋਏ । ਹਜ਼ਰਤ ਅਬੂ ਉਸੈਦ ਬਦਰ, ਉਹਦ, ਖ਼ੰਦਕ ਅਤੇ ਇਸ ਦੇ ਬਾਦ ਦੀਆਂ ਜੰਗਾਂ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ । ਮੱਕੇ ਦੀ ਫ਼ਤਹ ਸਮੇਂ ਇਹਨਾਂ ਕੋਲ ਕੋਲ ਕਬੀਲਾ ਬਨੂ ਸਾਅਦ ਦਾ ਝੰਡਾ ਸੀ । ਹਜ਼ਰਤ ਸਹਲ ਬਿਨ ਸਾਅਦ ਤੋਂ ਰਿਵਾਇਤ ਹੈ ਕਿ ਹਜ਼ਰਤ ਅਬੂ ਉਸੈਦ ਸਾਅਦੀ ਨੇ ਰਸੂਲੁਲੱਾਲਹ ਸਲਲੱਾਹੁ ਅਲੈਹਿ ਵਸਲਮ ਨੂੰ ਆਪਣੇ ਵਿਆਹ ਵਿੱਚ ਦਾਅਵਤ ਦਿੱਤੀ । ਇਸ ਦਿਨ ਇਹਨਾਂ ਦੀ ਪਤਨੀ ਆਪ ਸਲਲੱਾਹੁ ਅਲੈਹਿ ਵਸਲ ਦੀ ਸੇਵਾ ਕਰ ਰਹੀ ਸੀ ਅਤੇ ਉਹੋ ਦੁਲਹਨ ਵੀ ਸੀ । ਬਹੁਤ ਸਾਦਗੀ ਨਾਲ ਵਿਆਹ ਹੋ ਰਿਹਾ ਸੀ । ਵਿਆਹ ਦੀ ਦਆਵਤ ਹੋਈ ਅਤੇ ਦੁਲਹਨ ਵੀ ਖਾਣਾ ਬਣਾ ਰਹੀ ਸੀ ਅਤੇ ਸਰਵ ਵੀ ਕਰ ਰਹੀ ਸੀ ।

ਹਜ਼ਰਤ ਸਹਲ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਅਬੂ ਉਸੈਦ ਰਜ਼ੀ ਅਲੱਾਹ ਅਨਹੁ ਦੇ ਘਰ ਉਹਨਾਂ ਦੇ ਪੁਤੱਰ ਮੁੰਜ਼ਰ ਬਿਨ ਅਬੀ ਉਸੈਦ ਪੈਦਾ ਹੋਏ ਤਾਂ ਉਹਨਾਂ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਲਿਆਂਦਾ ਗਿਆ । ਆਪ ਨੇ ਉਸਨੂੰ ਆਪਣੇ ਪਟਾਂ'ਤੇ ਬਿਠਾ ਲਿਆ ਐਨ੍ਹੇ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕਿਸੇ ਕੰਮ ਕਰਕੇ ਮਸਰੂਫ਼ ਹੋ ਗਏ, ਲੋਕਾਂ ਨੇ ਮੁੰਜ਼ਰ ਨੂੰ ਆਪ ਦੇ ਪਟਾਂ ਉਪੱਰੋਂ ਚੁੱਕ ਲਿਆ, ਜੱਦ ਆਪ ਵਿਹਲੇ ਹੋਏ ਤਾਂ ਪੁੱਛਿਆ ਕਿ ਬਚੱਾ ਕਿੱਥੇ ਗਿਆ ਹਜ਼ਰਤ ਅਬੂ ਉਸੈਦ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਅਸੀਂ ਉਸ ਨੂੰ ਘਰ ਭੇਜ ਦਿਤੱਾ ਹੈ । ਆਪ ਦੇ ਪੁੱਛਿਆ ਇਸਦਾ ਨਾਂ ਕੀ ਰੱਖਿਆ ਹੈ । ਅਬੂ ਉਸੈਦ ਨੇ ਕੋਈ ਨਾਂ ਦੱਸਿਆ ਕਿ ਫ਼ਲਾਣਾ ਨਾਂ ਰੱਖਿਆ ਹੈ ਆਪ ਨੇ ਫ਼ਰਮਾਇਆ ਨਹੀਂ ਇਸਦਾ ਨਾਂ ਮੁੰਜ਼ਰ ਹੈ ਆਪਨੇ ਇਸ ਦਾ ਨਾਂ ਮੁੰਜ਼ਰ ਰੱਖਿਆ ।

ਹਜ਼ਰਤ ਸੁਲੈਮਾਨ ਬਿਨ ਯਸਾਰ ਤੋਂ ਰਿਵਾਇਤ ਹੈ ਕਿ ਹਜ਼ਰਤ ਉਸਮਾਨ ਦੀ ਸ਼ਹਾਦਤ ਤੋਂ ਪਹਿਲਾਂ ਹਜ਼ਰਤ ਅਬੂ ਉਸੈਦ ਸਾਅਦੀ ਦੀ ਨਜ਼ਰ ਨਸ਼ਟ ਹੋ ਗਈ ਸੀ । ਆਪ ਕਿਹਾ ਕਰਦੇ ਸਨ ਕਿ ਰੱਬ ਦਾ ਸ਼ੁਕਰ ਹੈ ਜਿਸ ਨੇ ਮੈਂਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਜੀਵਨ ਵਿੱਚ ਨਜ਼ਰ ਤੋਂ ਨਿਵਾਜਿਆ ਅਤੇ ਉਹ ਸਾਰੀਆਂ ਬਰਕਤਾਂ ਮੈਂ ਦੇਖੀਆਂ ਅਤੇ ਫਿਰ ਜੱਦ ਰੱਬ ਨੇ ਲੋਕਾਂ ਨੂੰ ਪ੍ਰੀਖਿਆ ਵਿੱਚ ਪਾਉਣਾ ਚਾਹਿਆ ਤਾਂ ਮੇਰੀ ਨਜ਼ਰੀ ਖ਼ਤਮ ਕਰ ਦਿੱਤੀ ਤਾਂ ਜੋ ਮੈਂ ਇਹਨਾਂ ਭੈੜੇ ਹਾਲਾਤਾਂ ਨੂੰ ਨ ਦੇਖ ਸਕਾਂ ।

ਮਰਵਾਨ ਬਿਨ ਅਲਹਕਮ ਹਜ਼ਰਤ ਅਬੂ ਉਸੈਦ ਸਾਅਦੀ ਨੂੰ ਸਦਕੇ ਲਈ ਆਮਲ ਬਣਾਇਆ ਕਰਦੇ ਸਨ ਅਰਥਾਤ ਮਾਲ ਇਕਠੱਾ ਕਰਨ ਲਈ ਅਤੇ ਫਿਰ ਵੰਡਣ ਲਈ । ਹਜ਼ਰਤ ਅਬੂ ਉਸੈਦ ਇਕ ਵਾਰ ਜ਼ਕਾਤ ਦਾ ਮਾਲ ਵੰਡਣ ਲਈ ਆਏ । ਜੋ ਸਾਮਾਨ ਸੀ ਉਹ ਪੂਰਾ ਵੰਡਕੇ ਚਲੇ ਗਏ । ਘਰ ਜਾਕੇ ਜੋ ਸੁੱਤੇ ਤਾਂ ਸੁਪਨੇ ਵਿੱਚ ਉਹਨਾਂ ਨੇ ਦੇਖਿਆ ਕਿ ਇਕ ਸੱਪ ਉਹਨਾਂ ਦੀ ਗਰਦਨ ਵਿੱਚ ਲਿਪਟ ਗਿਆ ਹੈ । ਉਹ ਘਬਰਾ ਕੇ ਉੱਠੇ ਅਤੇ ਪੁੱਛਿਆ ਕਿ ਕੀ ਮਾਲ ਵਿੱਚੋਂ ਕੋਈ ਚੀਜ਼ ਰਹਿ ਗਈ ਹੈ ਜੋ ਵੰਡਣ ਲਈ ਮੈਂਨੂੰ ਦਿੱਤੀ ਗਈ ਸੀ, ਪਤਨੀ ਨੇ ਕਿਹਾ ਨਹੀਂ । ਹਜ਼ਰਤ ਅਬੂ ਉਸੈਦ ਨੇ ਫ਼ਰਮਾਇਆ ਕਿ ਫਿਰ ਕੀ ਗੱਲ ਹੈ ਕਿ ਸੱਪ ਮੇਰੀ ਗਰਦਨ ਵਿੱਚ ਲਿਪਟ ਗਿਆ ਸੀ, ਦੇਖੋ ਸ਼ਾਇਦ ਕੁਝ ਰਹਿ ਗਿਆ ਹੋਵੇ । ਜੱਦ ਉਹਨਾਂ ਨੇ ਦੇਖਿਆ ਤਾਂ ਉਹ ਬੋਲੀ ਕਿ ਹਾਂ ਊਠ ਬਨ੍ਹੰਣ ਵਾਲੀ ਇਕ ਰੱਸੀ ਹੈ, ਸੋ, ਉਹਨਾਂ ਨੇ ਉਹ ਰੱਸੀ ਵੀ ਜਾਕੇ ਉਹਨਾ ਨੂੰ ਪਰਤਾ ਦਿੱਤੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾਂ ਸਹਾਬਾ ਨੂੰ ਤਕਵਾ (ਸੰਜਮਤਾ) ਦੇ ਸੂਖਮ ਮਿਆਰਾਂ ਉਪੱਰ ਰੱਖਕੇ ਅਮਾਨਤ ਦੇ ਉਚੱਤਮ ਮਿਆਰ ਕਾਇਮ ਕਰਵਾਉਣਾ ਚਾਹੁੰਦਾ ਸੀ ਅਤੇ ਇਸੇ ਲਈ ਫਿਰ ਸੁਪਨਿਆਂ ਵਿੱਚ ਵੀ ਮਾਰਗ ਦਰਸ਼ਨ ਹੋ ਜਾਂਦਾ ਸੀ ।

ਇਕ ਵਾਰ ਕੁਝ ਜਵਾਨਾ ਨੇ ਹਜ਼ਰਤ ਅਬੂ ਉਸੈਦ ਤੋਂ ਅੰਸਾਰ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਿਆਨ ਕੀਤੇ ਸਦਗੁਣਾ ਬਾਰੇ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਫ਼ਰਮਾਉਂਦਿਆਂ ਹੋਇਆ ਸੁਣਿਆ ਹੈ ਕਿ ਅੰਸਾਰ ਦੇ ਸਾਰਿਆਂ ਕਬੀਲਿਆਂ ਵਿੱਚੋਂ ਸਭ ਤੋਂ ਚੰਗੇ ਬਨੂ ਨਜਾਰ ਦੇ ਘਰਾਣੇ ਹਨ ਫਿਰ ਬਨੂ ਅਬਦੁਲ ਅਸ਼ਅਲ ਫਿਰ ਬਨੂ ਹਾਰਜ਼ ਬਿਨ ਖ਼ਜ਼ਰਜ ਫਿਰ ਬਨੂ ਸਾਅਦਹ ਅਤੇ ਅੰਸਾਰ ਦੇ ਸਾਰਿਆਂ ਘਰਾਣਿਆਂ ਵਿੱਚ ਖ਼ੈਰ ਹੀ ਖ਼ੈਰ ਹੈ ।

ਦੂਸਰੇ ਸਹਾਬੀ ਹਜ਼ਰਤ ਅਬਦੁਲੱਾਹ ਬਿਨ ਅਬਦੁਲ ਅਸਦ ਹਨ । ਇਹਨਾਂ ਦਾ ਨਾਂ ਅਬਦੁਲੱਾਹ ਸੀ ਸਿਰਨਾਵਾਂ ਅਬੂ ਸਲਮਾ । ਆਪ ਦੀ ਮਾਤਾ ਬਰੱਹ ਬਿੰਤ ਅਬਦੁਲ ਮੁਤਲਿਬ ਸਨ ਅਤੇ ਆਪ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਭੂਆ ਵੱਲੋਂ ਭਾਈ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਅਤੇ ਹਜ਼ਰਤ

ਹਮਜ਼ਾ ਦੇ ਰਜ਼ਾਈ ਭਾਈ ਵੀ ਸਨ । ਇਹਨਾਂ ਨੇ ਅਬੂ ਲਹਬ ਦੀ ਲੌਂਡੀ ਸਵੇਬਾ ਦਾ ਦੁੱਧ ਪੀਤਾ ਸੀ । ਹਜ਼ਰਤ ਉਮੁੱਲ ਮੋਮਿਨੀਨ ਉੱਮੇ ਸਲਮਾ ਪਹਿਲਾਂ ਆਪ ਦੇ ਨਿਕਾਹ ਵਿੱਚ ਸਨ । ਇਹਨਾਂ ਦੀ ਵਫ਼ਾਤ ਹੋ ਜਾਣ ਕਰਕੇ ਇਹਨਾਂ ਦੀ ਵਿਧਵਾ ਉੱਮੇ ਸਲਮਾ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸ਼ਾਦੀ ਹੋਈ । ਇਬਨੇ ਇਸਹਾਕ ਅਨੁਸਾਰ ਅਬੂ ਸਲਮਾ ਦੱਸ ਵਿਅਕਤੀਆਂ ਦੇ ਬਾਦ ਇਸਲਾਮ ਵਿੱਚ ਆਏ ਅਰਥਾਤ ਅਰੰਭਕ ਮੁਸਲਮਾਨਾਂ ਵਿੱਚੋਂ ਸਨ । ਹਜ਼ਰਤ ਅਬਦੁਲੱਾਹ ਬਿਨ ਅਬਦੁਲ ਅਸਦ ਆਪਣੀ ਪਤਨੀ ਹਜ਼ਰਤ ਉੱਮੇ ਸਲਮਾ ਦੇ ਨਾਲ ਪਹਿਲੀ ਹਿਜਰਤ ਹਬਸ਼ਾ ਵਿੱਚ ਸ਼ਾਮਲ ਹੋਏ । ਹਬਸ਼ਾ ਤੋਂ ਵਾਪਸ ਮੱਕੇ ਆਉਣ ਦੇ ਬਾਦ ਮਦੀਨੇ ਹਿਜਰਤ ਕੀਤੀ । ਜੱਦ ਮੁਸਲਮਾਨਾਂ'ਤੇ ਕਸ਼ਟ ਅਤਿ ਨੂੰ ਪਹੁੰਚ ਗਏ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਨੂੰ ਇਰਸ਼ਾਦ ਫ਼ਰਮਾਇਆ ਕਿ ਜਿੰਨ੍ਹਾ ਜਿੰਨ੍ਹਾ ਤੋਂ ਸੰਭਵ ਹੋ ਸਕੇ ਹਬਸ਼ੇ ਵੱਲ ਹਿਜਰਤ ਕਰ ਜਾਣ । ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼'ਤੇ ਰਜਬ ਮਹੀਨੇ 5 ਨਬਵੀ ਵਿੱਚ ਗਿਆਰਾ ਪੁਰੁਸ਼ਾਂ ਤੇ ਚਾਰ ਇਸਤਰੀਆਂ ਨੇ ਹਬਸ਼ੇ ਵੱਲ ਹਿਜਰਤ ਕੀਤੀ । ਇਹਨਾਂ ਵਿੱਚੋਂ ਪ੍ਰਸਿੱਧ ਨਾਂ ਇਹ ਹਨ । ਉਸਮਾਨ ਬਿਨ ਅਫ਼ਾਨ ਅਤੇ ਇਹਨਾਂ ਦੀ ਪਤਨੀ ਰੁਕਈਆ ਬਿੰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ, ਅਬਦੁਰ ਰਹਮਾਨ ਬਿਨ ਔਫ਼, ਜ਼ੁਬੈਰ ਬਿਨ ਅਲਅਵਾਮ, ਅਬੂ ਹਜ਼ੀਫ਼ਾ ਬਿਨ ਅਤਬਾ, ਉਸਮਾਨ ਬਿਨ ਮਜ਼ਊਨ, ਮਸਾਅਬ ਬਿਨ ਉਮੈਰ, ਅਬੂ ਸਲਮਾ ਬਿਨ ਅਬਦੁਲ ਅਸਦ ਅਤੇ ਇਹਨਾਂ ਦੀ ਪਤਨੀ ਹਜ਼ਰਤ ਉੱਮੇ ਸਲਮਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਅਜੀਬ ਗੱਲ ਹੈ ਕਿ ਅਰੰਭਕ ਮੁਹਾਜਰਾਂ ਵਿੱਚ ਬਹੁਤੀ ਗਿਣਤੀ ਉਹਨਾਂ ਲੋਕਾਂ ਦੀ ਸੀ ਜੋ ਕੁਰੈਸ਼ ਦੇ ਤਾਕਤਵਾਰ ਕਬੀਲਿਆਂ ਨਾਲ ਸੰਬੰਧ ਰਖੱਦੇ ਸਨ ਅਤੇ ਕਮਜ਼ੋਰ ਲੋਕ ਘੱਟ ਦਿਖਾਈ ਦਿੰਦੇ ਹਨ ਜਿੰਨ੍ਹਾ ਤੋਂ ਦੋ ਗਲੱਾਂ ਦਾ ਪਤਾ ਲਗਦਾ ਹੈ । ਪਹਿਲੀ ਇਹ ਕਿ ਤਾਕਤਵਰ ਕਬੀਲਿਆਂ ਨਾਲ ਸੰਬੰਧ ਰਖੱਣ ਵਾਲੇ ਲੋਕ ਵੀ ਕੁਰੈਸ਼ ਦੇ ਅਤਿਆਚਾਰਾਂ ਜੋ ਸੁਰੱਖਿਅਤ ਨਹੀਂ ਸਨ ਦੂਜਾ ਇਹ ਕਿ ਮਾੜੇ ਲੋਕ ਉਧਾਰਣ ਲਈ ਗ਼ੁਲਾਮ ਆਦਿ ਉਸ ਸਮੇਂ ਅਜਿਹੀ ਕਮਜ਼ੋਰੀ ਤੇ ਬੇਬਸੀ ਦੀ ਅਵਸਥਾ ਵਿੱਚ ਸਨ ਕਿ ਹਿਜਰਤ ਦੀ ਤਾਕਤ ਨਹੀਂ ਰਖੱਦੇ ਸਨ । ਕੁਰੈਸ਼ ਮਕੱਾ ਨੂੰ ਉਹਨਾਂ ਦੀ ਹਿਜਰਤ ਦਾ ਪਤਾ ਲੱਗਿਆ ਤਾਂ ਸਖ਼ਤ ਕ੍ਰੋਧਤ ਹੋਏ ਕਿ ਇਹ ਸ਼ਿਕਾਰ ਮੁਫ਼ਤ ਵਿੱਚੋਂ ਹੱਥੋਂ ਨਿਕਲ ਗਿਆ । ਹਬਸ਼ਾ ਪਹੁੰਚ ਕੇ ਮੁਸਲਮਾਨਾਂ ਨੂੰ ਬਹੁਤ ਅਮਨ ਦਾ ਜੀਵਨ ਪ੍ਰਾਪਤ ਹੋਇਆ ਅਤੇ ਰੱਬ ਰੱਬ ਕਰਕੇ ਕੁਰੈਸ਼ ਦੇ ਜ਼ੁਲਮਾ ਤੋਂ ਛੁਟਕਾਰਾ ਮਿਲਿਆ ।

ਇਬਨੇ ਇਸਹਾਕ ਕਹਿੰਦੇ ਹਨ ਕਿ ਜੱਦ ਹਜ਼ਰਤ ਅਬੂ ਸਲਮਾ ਨੇ ਹਬਸ਼ੇ ਤੋਂ ਵਾਪਸ ਆਉਣ ਦੇ ਬਾਦ ਹਜ਼ਰਤ ਅਬੂ ਤਾਲਬ ਤੋਂ ਪਨਾਹ ਮੰਗੀ ਤਾਂ ਬਨੂ ਮਖ਼ਜ਼ੂਮ ਵਿੱਚੋਂ ਕੁਝ ਲੋਕ ਅਬੂ ਤਾਲਬ ਕੋਲ ਗਏ ਅਤੇ ਕਹਿਣ ਲੱਗੇ ਕਿ ਤੁਸੀਂ ਆਪਣੇ ਭਤੀਜੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਤਾਂ ਆਪਣੀ ਪਨਾਹ ਵਿੱਚ ਰੱਖਿਆ ਹੀ ਹੋਇਆ ਹੈ ਪਰ ਸਾਡੇ ਭਾਈ ਅਬੂ ਸਲਮਾ ਨੂੰ ਤੁਸੀਂ ਕਿਉਂ ਪਨਾਹ ਦਿੱਤੀ ਹੈ ? ਅਬੂ ਤਾਲਬ ਨੇ ਕਿਹਾ, ਉਸ ਨੇ ਮੈਥੋਂ ਪਨਾਹ ਮੰਗੀ ਅਤੇ ਉਹ ਮੇਰਾ ਭਣੇਵਾ ਵੀ ਹੈ ਅਤੇ ਜੇਕਰ ਆਪਣੇ ਭਤੀਜੇ ਨੂੰ ਪਨਾਹ ਨ ਦਿੰਦਾ ਤਾਂ ਭਣੇਵੇਂ ਨੂੰ ਵੀ ਪਨਾਹ ਨ ਦਿੰਦਾ ।

ਇਬਨੇ ਇਸਹਾਕ ਕਹਿੰਦੇ ਹਨ ਕਿ ਉਮੁੱਲ ਮੋਮਿਨੀਨ ਹਜ਼ਰਤ ਉੱਮੇ ਸਲਮਾ ਤੋਂ ਰਿਵਾਇਤ ਹੈ ਕਿ ਜੱਦ ਮੇਰੇ ਪਤੀ ਹਜ਼ਰਤ ਅਬੂ ਸਲਮਾ ਨੇ ਮਦੀਨੇ ਜਾਣ ਦਾ ਇਰਾਦਾ ਕੀਤਾ ਤਾਂ ਆਪਣੇ ਊਠ ਨੂੰ ਤਿਆਰ ਕੀਤਾ ਅਤੇ ਮੈਂਨੂੰ ਅਤੇ ਪੁਤੱਰ ਸਲਮਾ ਨੂੰ ਜੋ ਮੇਰੀ ਗੋਦ ਵਿੱਚ ਸੀ ਉਸ'ਤੇ ਸਵਾਰ ਕਰ ਦਿਤੱਾ ਅਤੇ ਫਿਰ ਚਲ ਪਏ, ਅੱਗੇ ਜਾਕੇ ਬਨੂ ਮਖ਼ਜ਼ੂਮ ਦੇ ਕੁਝ ਲੋਕਾਂ ਨੇ ਘੇਰ ਲਿਆ ਅਤੇ ਕਿਹਾ ਕਿ ਉੱਮੇ ਸਲਮਾ ਸਾਡੀ ਲੜਕੀ ਹੈ ਅਸੀਂ ਇਸ

ਨੂੰ ਤੁਹਾਡੇ ਨਾਲ ਨਹੀਂ ਜਾਣ ਦਿਆਂਗੇ । ਹਜ਼ਰਤ ਉਮੇ ਸਲਮਾ ਕਹਿੰਦੀ ਹਨ ਕਿ ਇਹਨਾਂ ਲੋਕਾਂ ਨੇ ਮੇਰੇ ਪਤੀ ਤੋਂ ਮੈਨੂੰ ਖੋਹ ਲਿਆ । ਹਜ਼ਰਤ ਅਬੂ ਸਲਮਾ ਦਾ ਕਬੀਲਾ ਬਨੂ ਅਬਦੁਲ ਅਸਦ ਦੇ ਲੋਕ ਇਸ ਗੱਲ'ਤੇ ਬਹੁਤ ਨਰਾਜ਼ ਹੋਏ ਅਤੇ ਉਹਨਾਂ ਨੇ ਕਿਹਾ ਕਿ ਇਹ ਲੜਕਾ ਅਬੂ ਸਲਮਾ ਦਾ ਹੈ ਇਸ ਨੂੰ ਅਸੀਂ ਤੁਹਾਡੇ ਕੋਲ ਨਹੀਂ ਛਡਾਂਗੇ, ਸੋ, ਉਹ ਮੇਰੇ ਬੱਚੇ ਨੂੰ ਲੈ ਗਏ । ਲੜਕੀ ਨੂੰ ਉਸ ਦੇ ਕਬੀਲੇ ਨੇ ਰਖ ਲਿਆ ਅਤੇ ਜੋ ਬਚਾ ਸੀ ਉਹ ਪੁਰਸ਼ ਦੇ ਕਬੀਲੇ ਵਾਲਿਆਂ ਨੇ ਲੈ ਲਿਆ ਅਤੇ ਕਹਿੰਦੀ ਹਨ ਮੈਂ ਬਿਲਕੁਲ ਹੀ ਇਕੱਲੀ ਰਿਹ ਗਈ । ਮੈਂ ਇਕ ਸਾਲ ਤੱਕ ਇਸੇ ਮੁਸੀਬਤ ਵਿੱਚ ਗ੍ਰਿਸੀ ਰਹੀ ਅਤੇ ਪ੍ਰਤੀਦਿਨ ਇਬਤਾ ਸਥਾਨ ਉਪੱਰ ਜਾਕੇ ਰੋਂਦੀ ਰਹੀ । ਇਕ ਦਿਨ ਮੇਰੇ ਚਾਚੇ ਦੇ ਪੁਤੱਰਾਂ ਵਿੱਚੋਂ ਇਕ ਨੇ ਮੈਨੂੰ ਉੱਥੇ ਰੋਂਦਿਆਂ ਦੇਖਿਆ ਤਾਂ ਉਸ ਨੂੰ ਮੇਰੇ ਉਪੱਰ ਰਹਿਮ ਆਇਆ ਅਤੇ ਉਸ ਨੇ ਮੇਰੀ ਕੌਮ ਬਨੂ ਮੁਗ਼ੀਰਾ ਨੂੰ ਜਾਕੇ ਕਿਹਾ ਕਿ ਤੁਸੀਂ ਇਸ ਮਿਸਕੀਨ ਇਸਤਰੀ ਨੂੰ ਕਿਉਂ ਸਤਾਉਂਦੇ ਹੋ, ਤੁਸੀ ਇਸ ਨੂੰ ਇਸ ਦੇ ਪਤੀ ਤੇ ਬੱਚੇ ਤੋਂ ਅੱਡ ਕਰ ਦਿਤੱਾ ਹੈ । ਇਸ ਨੂੰ ਛੱਡ ਦਿਓ । ਇਸ'ਤੇ ਉਹਨਾਂ ਨੇ ਮੈਨੂੰ ਕਹਿ ਦਿਤੱਾ ਕਿ ਆਪਣੇ ਪਤੀ ਕੋਲ ਚਲੀ ਜਾਓ । ਹਜ਼ਰਤ ਉਮੇ ਸਲਮਾ ਕਹਿੰਦੀ ਹਨ ਕਿ ਇਸ ਦੇ ਬਾਦ ਮੇਰੇ ਪੁਤੱਰ ਨੂੰ ਬਨੀ ਅਬਦੁਲ ਅਸਦ ਨੇ ਵਾਪਸ ਕਰ ਦਿਤੱਾ ਫਿਰ ਮੈਂ ਆਪਣੇ ਉਠ ਨੂੰ ਤਿਆਰ ਕੀਤਾ ਅਤੇ ਆਪਣੇ ਬੱਚੇ ਨੂੰ ਨਾਲ ਲੈਕੇ ਉਸ'ਤੇ ਸਵਾਰ ਹੋਈ । ਜੱਦ ਮੈਂ ਮਦੀਨੇ ਨੂੰ ਰਵਾਨਾ ਹੋਈ ਤਾਂ ਕੋਈ ਵੀ ਸਹਾਇਕ ਮੇਰੇ ਨਾਲ ਨਹੀਂ ਸੀ । ਜੱਦ ਤਨਈਮ ਨੇ ਸਥਾਨ'ਤੇ ਪਹੁੰਚੀ ਤਾਂ ਓਥੇ ਮੈਨੂੰ ਹਜ਼ਰਤ ਉਸਮਾਨ ਬਿਨ ਅਬੂ ਤਲਹਾ ਮਿਲੇ, ਇਹ ਉਸ ਸਮੇਂ ਮੁਸਲਮਾਨ ਨਹੀਂ ਹੋਏ ਸਨ । ਇਹਨਾਂ ਨੇ ਸਨ 6 ਹਿਜਰੀ ਵਿੱਚ ਇਸਲਾਮ ਕੁਬੂਲ ਕੀਤਾ ਸੀ । ਮੈਨੂੰ ਆਖਣ ਲੱਗੇ ਕਿ ਹੇ, ਉਮੇ ਸਲਮਾ ਕਿਧੱਰ ਜਾ ਰਹੀ ਹੋ ? ਮੈਂ ਕਿਹਾ ਕਿ ਮੈਂ ਆਪਣੇ ਪਤੀ ਕੋਲ ਮਦੀਨੇ ਜਾ ਰਹੀ ਹਾਂ। ਹਜ਼ਰਤ ਉਸਮਾਨ ਨੇ ਪੁੱਛਿਆ ਕਿ ਕੀ ਤੁਹਾਡੇ ਨਾਲ ਕੋਈ ਹੈ? ਮੈਂ ਕਿਹਾ ਕਿ ਰੱਬ ਦੀ ਸਹੁੰ ਕੋਈ ਵੀ ਨਹੀਂ ਕੇਵਲ ਮੇਰਾ ਪੁਤੱਰ ਅਤੇ ਰੱਬ ਮੇਰੇ ਨਾਲ ਹੈ । ਉਸਮਾਨ ਨੇ ਕਿਹਾ ਕਿ ਰੱਬ ਦੀ ਸਹੁੰ ਇਸ ਪ੍ਰਕਾਰ ਇਕੱਲਿਆਂ ਮੈਂ ਤੁਹਾਨੂੰ ਉਕੱਾ ਹੀ ਨਹੀਂ ਜਾਣ ਦਿਆਂਗਾ, ਮੈਂ ਤੁਹਾਡੇ ਨਾਲ ਚਲਦਾ ਹਾਂ, ਫਿਰ ਉਹਨਾਂ ਨੇ ਮੇਰੇ ਉਠ ਦੀ ਮੁਹਾਰ ਫੜ ਲਈ । ਹਜ਼ਰਤ ਉਮੇ ਸਲਮਾ ਬਿਆਨ ਕਰਦੀ ਹਨ ਕਿ ਰੱਬ ਦੀ ਸਹੁੰ ਮੈਂ ਅਰਬ ਦੇ ਵਿਅਕਤੀਆਂ ਵਿੱਚੋਂ ਇਹਨਾਂ ਸਨਮਾਨ ਯੋਗ ਕੋਈ ਵਿਅਕਤੀ ਨਹੀਂ ਦੇਖਿਆ । ਜੱਦ ਚਲੱਣ ਦਾ ਸਮਾਂ ਹੁੰਦਾ ਤਾਂ ਉਹ ਉਠ ਤਿਆਰ ਕਰ ਦਿੰਦੇ ਅਤੇ ਫਿਰ ਮੈਂ ਉਸ'ਤੇ ਸਵਾਰ ਹੋ ਜਾਂਦੀ ਅਤੇ ਉਹ ਨਕੇਲ ਫੜਕੇ ਚਲ ਪੈਂਦੇ ਇੱਥੋਂ ਤੱਕ ਤਕ ਅਸੀਂ ਇਸੇ ਪ੍ਰਕਾਰ ਮਦੀਨੇ ਪਹੁੰਚ ਗਏ । ਹਿਜਰਤ ਦੇ ਦੂਸਰੇ ਸਾਲ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਸ਼ੀਰਾ ਦੀ ਜੰਗ ਲਈ ਨਿਕਲੇ ਤਾਂ ਅਬੂ ਸਲਮਾ ਨੂੰ ਮਦੀਨੇ ਵਿੱਚ ਅਮੀਰ ਨਿਯੁਕਤ ਕੀਤਾ ।

ਫਿਰ ਸੀਰਤ ਖ਼ਾਤਾਮਨੱਬੀਯੀਨ ਵਿੱਚ ਲਿੱਖਿਆ ਹੈ ਕਿ ਮੁਹਰੱਮ 4 ਹਿਜਰੀ ਵਿੱਚ ਅਚਨਚੇਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਮਦੀਨੇ ਵਿੱਚ ਇਹ ਸੂਚਨਾ ਪਹੁੰਚੀ ਕਿ ਕਬੀਲਾ ਅਸਦ ਦਾ ਰਈਸ ਤਲੈਹਾ ਬਿਨ ਖ਼ਵੀਲਦ ਅਤੇ ਉਸ ਦਾ ਭਰਾ ਸਲਮਾ ਬਿਨ ਖ਼ਵੀਲਦ ਆਪਣੇ ਇਲਾਕੇ ਦੇ ਲੋਕਾਂ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਖ਼ਿਲਾਫ਼ ਜੰਗ ਕਰਨ ਲਈ ਤਿਆਰ ਕਰ ਰਹੇ ਹਨ । ਇਸ ਖ਼ਬਰ ਦੇ ਮਿਲਦਿਆਂ ਹੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਝੱਟ ਡੇਢ ਸੌ ਸਹਾਬੀਆਂ ਦਾ ਇਕ ਤੀਬਰ ਜਥੱਾ ਤਿਆਰ ਕਰਕੇ ਉਸ'ਤੇ ਅਬੂ ਸਲਮਾ ਬਿਨ ਅਬਦੁਲ ਅਸਦ ਨੂੰ ਅਮੀਰ ਨਿਯੁਕਤ ਕੀਤਾ ਅਤੇ ਆਦੇਸ਼ ਦਿਤੱਾ ਕਿ ਇਸ ਤੋਂ ਪਹਿਲਾਂ ਕਿ ਬਨੂ ਅਸਦ ਆਪਣੀ ਦੁਸ਼ਮਣੀ ਨੂੰ ਅਮਲੀ ਰੂਪ ਕਰ ਸਕੇ ਉਹਨਾਂ ਨੂੰ ਖੇਰੂੰ

ਖੇਰੂੰ ਕਰ ਦੇਣ । ਸੋ, ਅਬੂ ਸਲਮਾ ਨੇ ਕਤਨ ਦੇ ਸਥਾਨ ਉਪੱਰ ਉਹਨਾਂ ਨੂੰ ਜਾ ਦਬੋਚਿਆ, ਪਰ ਕੋਈ ਲੜਾਈ ਨਹੀਂ ਹੋਈ ਅਤੇ ਅਬੂ ਸਲਮਾ ਕੁਝ ਦਿਨਾ ਬਾਦ ਮਦੀਨੇ ਵਾਪਸ ਪਹੁੰਚ ਗਏ । ਇਸ ਸਫ਼ਰ ਦੀ ਅਸਾਧਾਰਣ ਮਿਹਨਤ ਤੇ ਥਕਾਨ ਕਰਕੇ ਅਬੂ ਸਲਮਾ ਦਾ ਉਹ ਜ਼ਖ਼ਮ ਜੋ ਉਹਨਾਂ ਨੂੰ ਉਹਦ ਦੀ ਜੰਗ ਵਿੱਚ ਪਹੁੰਚਿਆ ਸੀ ਅਤੇ ਹੁਣੇ ਦੇਖਣ ਨੂੰ ਮਿੱਟ ਜਿਹਾ ਗਿਆ ਸੀ ਫਿਰ ਖ਼ਰਾਬ ਹੋ ਗਿਆ ਅਤੇ ਇਲਾਜ ਮੁਆਲਜਾ ਕਰਨ ਦੇ ਬਾਦ ਵੀ ਵਿਗੜਦਾ ਹੀ ਗਿਆ ਅਤੇ ਅਖੀਰ ਇਸੇ ਬਿਮਾਰੀ ਵਿੱਚ ਮੁਖ਼ਲਸ ਤੇ ਪੁਰਾਣੇ ਸਹਾਬੀ ਨੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਦੁੱਧ ਭਰਾ ਵੀ ਸਨ ਵਫ਼ਾਤ ਪਾਈ । ਇਹਨਾਂ ਨੂੰ ਮਦੀਨੇ ਵਿੱਚ ਦਫ਼ਨ ਕੀਤਾ ਗਿਆ । ਇਕ ਰਿਵਾਇਤ ਵਿੱਚ ਹੈ ਕਿ ਜੱਦ ਹਜ਼ਰਤ ਅਬੂ ਸਲਮਾ ਦੀ ਵਫ਼ਾਤ ਦਾ ਸਮਾਂ ਨੇੜੇ ਆਇਆ ਤਾਂ ਉਹਨਾਂ ਨੇ ਇਹ ਦੁਆ ਕੀਤੀ ਕਿ ਹੇ ਮੇਰੇ ਰੱਬ ਮੇਰੇ ਪਰਿਵਾਰ ਵਿੱਚ ਮੇਰਾ ਉਤਰਾਧਿਕਾਰੀ ਚੰਗੇ ਵਿਅਕਤੀ ਨੂੰ ਬਨਾਉਂਣਾ, ਸੋ, ਇਹ ਦੁਆ ਕੁਬੂਲ ਹੋਈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਨੇ ਹਜ਼ਰਤ ਉਮੇ ਸਲਮਾ ਨਾਲ ਨਿਕਾਹ ਕਰ ਲਿਆ ।

ਉਮੇ ਸਲਮਾ ਇਕ ਉਤੱਮ ਦਰਜੇ ਦੀ ਇਸਤਰੀ ਸਨ ਅਤੇ ਅਤਿਅੰਤ ਸੂਝਵਾਨ ਤੇ ਸਮਾਰਟ (ਬੁੱਧੀਮਾਨ) ਹੋਣ ਦੇ ਨਾਲ ਨਾਲ ਨੇਕੀ ਤੇ ਇਮਾਨ ਵਿੱਚ ਵੀ ਇਕ ਉਚੱਤਮ ਦਰਜਾ ਰਖੱਦੀ ਸਨ । ਹਜ਼ਰਤ ਉਮੇ ਸਲਮਾ ਪੜ੍ਹਨਾ ਵੀ ਜਾਣਦੀ ਸਨ ਅਤੇ ਮੁਸਲਮਾਨ ਇਸਤਰੀਆਂ ਦੀ ਸੀਖ ਸਿੱਖਿਆ ਵਿੱਚ ਉਹਨਾਂ ਨੇ ਵਿਸ਼ੇਸ਼ ਭਾਗ ਲਿਆ । ਸੋ, ਹਦੀਸਾਂ ਦੀਆਂ ਕਿਤਾਬਾਂ ਵਿੱਚ ਬਹੁਤ ਸਾਰੀਆਂ ਰਿਵਾਇਤਾਂ ਅਤੇ ਹਦੀਸਾਂ ਉਹਨਾਂ ਤੋਂ ਮੁਰੱਵੀ ਹਨ । ਇਸ ਪੱਖੋਂ ਉਹਨਾਂ ਦਾ ਦਰਜਾ ਨਬੀ ਦੀ ਪਤਨੀਆਂ ਵਿੱਚ ਦੂਜੇ ਨੰਬਰ'ਤੇ ਅਤੇ ਕੁਲ ਸਹਾਬਾ ਪੁਰੁਸ਼ ਇਸਤਰੀਆਂ ਵਿੱਚ ਬਾਰ੍ਹਵੇਂ ਨੰਬਰ'ਤੇ ਹੈ । ਅਲੱਾਹ ਤਆਲਾ ਇਹਨਾਂ ਸਹਾਬਾ ਨੂੰ ਹੋ ਵਧੇਰੇ ਬੁਲੰਦੀਆਂ ਉਪੱਰ ਲੈ ਜਾਂਦਾ ਚਲਾ ਜਾਏ ਅਤੇ ਸਾਨੂੰ ਵੀ ਇਹਨਾਂ ਨੇਕੀਆਂ ਨੂੰ ਕਰਨ ਦਾ ਸੁਭਾਗ ਪ੍ਰਦਾਨ ਕਰੇ ਜੋ ਇਹ ਲੋਕ ਕਰਦੇ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਵਫ਼ਾਤ ਪਾ ਚੁਕੇ ਲੋਕਾਂ ਦਾ ਐਲਾਨ ਕਰਾਂਗਾ ਅਤੇ ਉਹਨਾਂ ਦੇ ਨਮਾਜ਼ ਜਨਾਜ਼ਾ ਜੁਮਏ ਦੀ ਨਮਾਜ਼ ਦੇ ਬਾਦ ਪੜ੍ਹਾਵਾਂਗਾ । ਇਹਨਾਂ ਵਿੱਚੋਂ ਪਹਿਲੇ ਹਨ ਰਾਜਾ ਨਸੀਰ ਅਹਮਦ ਸਾਹਬ ਨਾਸਿਰ ਜੋ ਵਾਕਫ਼ੇ ਜ਼ਿੰਦਗੀ ਸਨ ਅਤੇ ਸਿਲਸਿਲੇ ਦੇ ਮੁਰੱਬੀ ਸਨ ਅਤੇ ਸਾਬਕ ਨਾਜ਼ਿਰ ਇਸਲਾਹ ਵ ਇਰਸ਼ਾਦ ਮਰਕਜ਼ੀਆ ਵੀ ਰਹੇ । 6 ਜੁਲਾਈ ਨੂੰ ਸਵੇਰੇ ਗਿਆਰ੍ਹਾਂ ਵਜੇ 80 ਸਾਲ ਦੀ ਉਮਰ ਵਿੱਚ ਇਹਨਾਂ ਦੀ ਤਾਹਿਰ ਹਾਰਟ ਇੰਸਟੀਟਿਊਟ ਵਿੱਚ ਵਫ਼ਾਤ ਹੋਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (اناللہ وانا الیہ راجعون) 7 ਮਈ 1938 ਈ. ਨੂੰ ਭੇਰਾ ਜ਼ਿਲਾ ਸਰਗੋਧਾ ਵਿੱਚ ਪੈਦਾ ਹੋਏ। 1958 ਈ. ਵਿੱਚ ਇਹਨਾਂ ਨੇ ਜ਼ਿੰਦਗੀ ਵਕਫ਼ ਕੀਤੀ । ਜਾਮਿਆ ਦੀ ਪੜ੍ਹਾਈ ਪੂਰੀ ਕਰਨ ਦੇ ਬਾਦ 47 ਸਾਲ ਜਮਾਤ ਦੀ ਸੇਵਾ ਕਰਨ ਸੌਭਾਗ ਪ੍ਰਾਪਤ ਹੋਇਆ । ਪਾਕਿਸਤਾਨ ਵਿੱਚ ਵੱਖ ਵੱਖ ਥਾਵਾਂ'ਤੇ ਮੁਰੱਬੀ ਦੇ ਰੂਪ ਵਿੱਚ ਸੇਵਾ ਪ੍ਰਦਾਨ ਕੀਤੀ ਅਤੇ 2012 ਈ ਵਿੱਚ ਰਿਟਾਇਰਡ ਹੋਏ । ਕੁਰਆਨ ਕਰੀਮ ਦੀ ਤਲਾਵਤ ਦਾ ਇਹਨਾਂ ਨੂੰ ਬਹੁਤ ਸ਼ੌਕ ਸੀ ਅਪਣੀ ਸੰਤਾਨ ਨੂੰ ਹਮੇਸ਼ਾ ਇਹ ਨਸੀਹਤ ਕੀਤੀ ਕਿ ਕਦੇ ਸ਼ਿਰਕ ਨ ਕਰਨਾ ਅਤੇ ਹਮੇਸ਼ਾ ਖ਼ਿਲਾਫ਼ਤ ਨਾਲ ਜੁੜੇ ਰਹਿਣਾ । ਆਪ ਵੀ ਇਹਨਾਂ ਹੀ ਗਲੱਾਂ ਦਾ ਨਮੂਨਾ ਬਣਾਇਆ । ਅਲੱਾਹ ਤਆਲਾ ਇਹਨਾਂ ਨੂੰ ਆਪਣੀ ਦਿਆ ਤੇ ਰਹਿਮਤ ਪ੍ਰਦਾਨ ਕਰੇ ਅਤੇ ਇਹਨਾਂ ਦੀ ਸੰਤਾਨ ਨੂੰ ਵੀ ਇਹਨਾ ਦੀਆਂ ਨੇਕੀਆਂ ਅਤੇ ਖ਼ੂਬੀਆਂ ਨੂੰ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।

ਦੂਜੇ ਦੋ ਜਨਾਜ਼ੇ ਮੁਕਰੱਮ ਮੁਬੀਨ ਅਹਮਦ ਸਾਹਬ ਅਤੇ ਮੁਕਰੱਮ ਮੁਹਮੱਦ ਜ਼ਫ਼ਰੁਲੱਾਹ ਸਾਹਬ ਪੁੱਤਰ ਲਿਆਕਤ ਅਲੀ ਸਾਹਬ ਦੇ ਹਨ । 7 ਜੁਲਾਈ 2018 ਈ. ਨੂੰ ਲਗਭਗ ਦੁਪਹਿਰ ਦੇ ਤਿੰਨ ਵਜੇ ਕਰਾਚੀ ਦੇ ਇਲਾਕੇ ਵੇਟਾ ਚੋਕ ਚੋਰੰਗੀ ਇੰਡਸਟਰੀਅਲ ਏਰੀਆ ਵਿੱਚ ਡਾਕੂਆਂ ਦੇ ਫ਼ਾਇਰਿੰਗ ਕਰਕੇ ਤਿੰਨ ਅਹਮਦੀ ਖ਼ੁੱਦਾਮ ਮੁਬੀਨ ਅਹਮਦ ਸਾਹਬ ਪੁੱਤਰ ਮਹਬੂਬ ਅਹਮਦ ਸਾਹਬ ਅਤੇ ਜ਼ਫ਼ਰੁਲੱਾਹ ਸਾਹਬ ਅਤੇ ਮੁਹਮੱਦ ਨਸਰੁਲੱਾਹ ਸਾਹਬ ਕਰਾਚੀ ਨੂੰ ਜ਼ਖ਼ਮੀ ਕਰ ਦਿਤੱਾ ਸੀ, ਜਿਸ ਕਰਕੇ ਕਰਕੇ ਮੁਬੀਨ ਅਹਮਦ ਸਾਹਬ ਅਤੇ ਜ਼ਫ਼ਰੁਲੱਾਹ ਸਾਹਬ ਦੀ ਸ਼ਹਾਦਤ ਹੋ ਗਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ( اناللهواناالیہ راجعون) ਇਸ ਘਟਨਾ ਵਿੱਚ ਜ਼ਖ਼ਮੀ ਹੋਣ ਵਾਲੇ ਹਾਫ਼ਿਜ਼ ਨਸਰੁਲੱਾਹ ਸਾਹਬ ਸਨ, ਇਹਨਾਂ ਦਾ ਆਪ੍ਰੇਸ਼ਨ ਹੋ ਚੁਕਿਆ ਹੈ, ਹਸਪਤਾਲ ਵਿੱਚ ਇਲਾਜ ਹੇਠ ਹਨ । ਅਲੱਾਹ ਤਆਲਾ ਇਹਨਾਂ ਨੰ ਸਵਾਸਥ ਪ੍ਰਦਾਨ ਕਰੇ ਅਤੇ ਇਹਨਾਂ ਮਰਹੂਮੀਨ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ । ਪਿੱਛੇ ਸਾਕਾ ਸੰਬੰਧੀਆਂ ਨੂੰ ਸਬਰ ਤੇ ਹੌਂਸਲਾ ਪ੍ਰਦਾਨ ਕਰੇ ।

**Khulasa Khutba Jumma 13.07.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131